# Official Spokesperson's response to media queries on the terrorist attack in Logar, Afghanistan

May 05, 2021

---

## ਲੋਗਰ (ਅਫਗਾਨਿਸਤਾਨ) ਵਿੱਚ ਹੋਏ ਅੱਤਵਾਦੀ ਹਮਲੇ ਬਾਰੇ ਮੀਡੀਆ ਦੇ ਸਵਾਲਾਂ ਦਾ ਸਰਕਾਰੀ ਬੁਲਾਰੇ ਵੱਲੋਂ ਜਵਾਬ

5 ਮਈ, 2021

ਲੋਗਰ (ਅਫਗਾਨਿਸਤਾਨ) ਵਿੱਚ ਹੋਏ ਅੱਤਵਾਦੀ ਹਮਲੇ ਬਾਰੇ ਮੀਡੀਆ ਦੇ ਸਵਾਲਾਂ ਦੇ ਜਵਾਬ ਵਜੋਂ ਸਰਕਾਰੀ ਬੁਲਾਰੇ ਨੇ ਕਿਹਾ:

"ਅਫਗਾਨਿਸਤਾਨ ਦੇ ਲੋਗਰ ਸੂਬੇ ਵਿੱਚ ਰਮਜਾਨ ਦੇ ਮਹੀਨੇ ਦੌਰਾਨ ਹੋਏ ਅੱਤਵਾਦੀ ਹਮਲੇ ਦੀ ਸਖਤ ਨਿਖੇਧੀ ਕਰਦਾ ਹੈ, ਜਿਸ ਦੇ ਨਤੀਜੇ ਵਜੋਂ 21 ਨਿਰਦੋਸ਼ ਲੋਕਾਂ ਦੀ ਮੌਤ ਹੋ ਗਈ ਅਤੇ 100 ਤੋਂ ਵੱਧ ਲੋਕ ਜ਼ਖਮੀ ਹੋ ਗਏ। ਇਸ ਦੁੱਖ ਦੀ ਘੜੀ ਵਿੱਚ ਭਾਰਤ ਪੀੜਤ ਪਰਿਵਾਰਾਂ ਅਤੇ ਅਫਗਾਨਿਸਤਾਨੀ ਲੋਕਾਂ ਨਾਲ ਦ੍ਰਿੜ ਤਰੀਕੇ ਨਾਲ ਖੜਾ ਹੈ।"

ਅਸੀਂ ਅਫ਼ਗਾਨਿਸਤਾਨ ਅੰਦਰ ਦੀਰਘਕਾਲਿਕ ਸ਼ਾਂਤੀ ਕਾਇਮ ਕਰਨ ਲਈ ਸਥਾਈ ਅਤੇ ਵਿਆਪਕ ਜੰਗਬੰਦੀ ਦੀ ਸਖਤ ਲੋੜ ਨੂੰ ਮੁੜ ਦੁਹਰਾਉਂਦੇ ਹਾਂ।

ਅਜਿਹੇ ਹਮਲਿਆਂ ਨੂੰ ਜਨਮ ਦੇਣ ਵਾਲੀਆਂ ਸੁਰੱਖਿਅਤ ਅੱਤਵਾਦੀ ਪਨਾਹਗਾਹਾਂ ਅਤੇ ਅਸਥਾਨਾਂ ਨੂੰ ਖਤਮ ਕਰਨ ਦੀ ਆਪਣੀ ਮੰਗ ਪ੍ਰਤੀ ਭਾਰਤ ਅਡਿੱਗ ਰਿਹਾ ਹੈ।

ਭਾਰਤ ਅਫਗਾਨਿਸਤਾਨੀ ਲੋਕਾਂ ਨਾਲ ਇਕਜੁਟ ਖੜਾ ਹੈ ਅਤੇ ਅੱਤਵਾਦ ਖਿਲਾਫ ਲਗਾਤਾਰ ਜਾਰੀ ਜੰਗ ਵਿੱਚ ਬਹਾਦਰ ਅਫਗਾਨੀ ਫੌਜਾਂ ਦੇ ਹੌਂਸਲੇ ਨੂੰ ਸਲਾਮ ਕਰਦਾ ਹੈ।"

ਨਵੀਂ ਦਿਲੀ
5 ਮਈ, 2021

DISCLAIMER: This is an approximate translation. The original is available in English on MEA's website and may be referred to as the official press release.